## ਜ਼ਰੂਰੀ ਵਿਅਕਤੀਗਤ ਹਿਫ਼ਾਜ਼ਤੀ ਸਾਮਾਨ ਅਤੇ ਕੱਪੜੇ
## Basic personal protective equipment and clothing

ਸਾਰੇ ਕਾਮਿਆਂ ਕੋਲ ਮੌਸਮ ਅਤੇ ਕੰਮ ਵਾਲੀ ਜਗ੍ਹਾ ਦੇ ਖ਼ਤਰਿਆਂ ਤੋਂ ਬਚਣ ਲਈ ਉਚਿੱਤ ਕੱਪੜੇ, ਕਮੀਜ਼ਾਂ ਅਤੇ ਲੰਮੀਆਂ ਪੈਂਟਾਂ ਹੋਣੀਆਂ ਚਾਹੀਦੀਆਂ ਹਨ। ਜੇ ਕੋਈ ਸਹਿਮਤੀ ਨਹੀਂ ਹੋਈ ਤਾਂ ਕੰਮ ਕਰਨ ਲਈ ਦਸਤਾਨੇ ਲੈਣੇ ਕਾਮੇ ਦੀ ਆਪਣੀ ਜ਼ਿੰਮੇਵਾਰੀ ਹੈ। ਸਿਰ ਦੀ ਸੁਰੱਖਿਆ ਲਈ ਕੁੱਝ ਪਹਿਨਣ ਲਈ, ਅਤੇ ਪੈਰਾਂ ਦੀ ਸੁਰੱਖਿਆ ਲਈ ਬੂਟ। ਪਰ ਜੇ ਕੋਈ ਚੀਜ਼ ਬਣਾਉਣ ਸਮੇਂ ਹੱਥਾਂ ਨੂੰ ਕੱਟਣੇ ਅਤੇ ਜ਼ਖ਼ਮਾਂ ਤੋਂ ਬਚਾਉਣ ਲਈ ਦਸਤਾਨਿਆਂ ਦੀ ਲੋੜ ਹੋਵੇ ਤਾਂ ਮਾਲਕ ਨੂੰ ਦਸਤਾਨੇ ਉਪਲਬਧ ਕਰਵਾਉਣੇ ਚਾਹੀਦੇ ਹਨ।

ਇਹ ਮਾਲਕਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਵਿਅਕਤੀਗਤ ਹਿਫ਼ਾਜ਼ਤੀ ਸਾਮਾਨ ਦੀ ਉਪਲਬਧੀ ਅਤੇ ਉਸ ਦੀ ਵਰਤੋਂ ਸੁਨਿਸ਼ਚਿਤ ਕਰਨ। ਇਸ ਵਿਚ ਡਿੱਗਣ ਤੋਂ ਸੁਰੱਖਿਆ, ਅੱਖਾਂ ਦੀ ਸੁਰੱਖਿਆ, ਕੰਨਾਂ ਦੀ ਸੁਰੱਖਿਆ ਅਤੇ ਆਕੂਪੇਸ਼ਨਲ ਹੈੱਲਥ ਅਤੇ ਸੁਰੱਖਿਆ ਰੈਗੂਲੇਸ਼ਨ ਮੁਤਾਬਿਕ ਹੋਰ ਖ਼ਾਸ ਸੁਰੱਖਿਆ ਦਾ ਸਾਮਾਨ ਉਪਲਬਧੀ ਕਰਨਾ ਵੀ ਸ਼ਾਮਲ ਹੈ।

ਮਾਲਕਾਂ ਨੂੰ ਇਹ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਵੱਖ ਵੱਖ ਕੰਮ ਕਰਨ ਲਈ ਢੁਕਵੇਂ ਵਿਅਕਤੀਗਤ ਹਿਫ਼ਾਜ਼ਤੀ ਸਾਮਾਨ ਦੀ ਪਹਿਚਾਣ ਕਾਮਿਆਂ ਵੱਲੋਂ ਕੀਤੀ ਜਾਏ ਅਤੇ ਸਾਮਾਨ ਵਰਤਿਆ ਜਾਏ। ਮਾਲਕਾਂ ਨੂੰ ਇਹ ਵੀ ਸੁਨਿਸ਼ਚਿਤ ਕਰਨਾ ਚਾਹੀਦਾ ਹੈ, ਕਿ ਸਪੈਸ਼ਲ ਸਾਮਾਨ ਦੀ ਵਰਤੋਂ ਤੋਂ ਪਹਿਲਾਂ ਕਾਮਿਆਂ ਨੂੰ ਉਸ ਦੇ ਵਰਤਣ ਦੀ ਸਿਖਲਾਈ ਦਿੱਤੀ ਜਾਏ ਜਿਸ ਵਿਚ ਡਿੱਗਣ ਤੋਂ ਬਚਣ ਦਾ ਸਾਮਾਨ ਸ਼ਾਮਲ ਹੈ।

ਜਿੱਥੇ ਮਸ਼ੀਨਰੀ, ਸਾਮਾਨ ਜਾਂ ਔਜ਼ਾਰਾਂ ਦੇ ਚੱਲਦੇ ਹਿੱਸਿਆਂ ਨਾਲ ਸੰਪਰਕ ਹੋਣ ਦਾ ਖ਼ਤਰਾ ਹੈ ਉੱਥੇ:

- ਢਿੱਲੇ ਜਾਂ ਪਾਟੇ ਕੱਪੜਿਆਂ ਦਾ ਪਰਹੇਜ਼ ਕਰੋ
- ਮੁੰਦਰੀਆਂ, ਲਮਕਦੇ ਹੋਏ ਨੈਕਲਸ, ਢਿੱਲੇ ਬਰੇਸਲੈਟ (ਕੜੇ), ਅਤੇ ਘੜੀਆਂ ਦੇ ਬੈਂਡ ਵਰਗੀਆਂ ਵਾਧੂ ਚੀਜ਼ਾਂ ਉਤਾਰ ਦਿਓ।
- ਲੰਮੇ ਵਾਲਾਂ ਨੂੰ ਸੰਭਾਲੋ।
- ਛੋਟੀਆਂ ਬਾਂਹਾਂ ਦੀ ਕਮੀਜ਼ ਅਤੇ ਲੰਮੀ ਪੈਂਟ ਪਹਿਨੋ।

### ਪੈਰਾਂ ਦੀ ਸੁਰੱਖਿਆ (Foot protection)

- ਬੂਟਾਂ ਨਾਲ ਗਿੱਟਿਆਂ, ਪੈਰਾਂ ਦੀਆਂ ਤਲੀਆਂ ਅਤੇ ਪੈਰਾਂ ਦੀਆਂ ਉਂਗਲਾਂ ਦਾ ਬਚਾਅ ਹੋਣਾ ਚਾਹੀਦਾ ਹੈ। ਸੀ.ਐੱਸ.ਏ. ਦੀ ਹਰੀ ਤਿਕੋਣ ਵਾਲੇ ਬੂਟ ਇਹ ਬਚਾਅ ਕਰਦੇ ਹਨ।
- ਇਹ ਕਾਮਿਆਂ ਦੀ ਜ਼ਿੰਮੇਵਾਰੀ ਹੈ ਕਿ ਆਪਣੇ ਹਿਫ਼ਾਜ਼ਤੀ ਬੂਟ ਠੀਕ ਠਾਕ ਰੱਖਣ। ਮਿਸਾਲ ਵਜੋਂ ਬੂਟ ਦੇ ਅੱਗੇ ਲੱਗੇ ਨੰਗੇ ਧਾਤ ਦੇ ਪੰਜੇ ਬਿਜਲੀ ਦੇ ਨੇੜੇ ਖ਼ਤਰਨਾਕ ਹੋ ਸਕਦੇ ਹਨ।
- ਲੜਖੜਾਉਣ ਜਾਂ ਠੇਡਾ ਖਾਣ ਤੋਂ ਬਚਣ ਲਈ ਤਸਮੇ ਹਮੇਸ਼ਾ ਬੰਨ੍ਹ ਕੇ ਰੱਖੋ।



*ਸੀ.ਐੱਸ.ਏ. ਦੀ ਹਰੀ ਤਿਕੋਣ ਵਾਲੇ ਹਿਫ਼ਾਜ਼ਤੀ ਬੂਟ ਵਰਤੋ।*

### ਸਿਰ ਦੀ ਸੁਰੱਖਿਆ (Head protection)

ਜਦੋਂ ਸਿਰ ਤੇ ਸਖ਼ਤ ਟੋਪ (ਹਾਰਡ ਹੈਟ) ਪਾਓ:

- ਜੇ ਕਰ ਤੁਸੀਂ ਕੰਮ ਝੁਕ ਕੇ ਕਰਨਾ ਹੈ ਅਤੇ ਸਿਰ ਕਮਰ ਤੋਂ ਥੱਲੇ ਰਹਿਣਾ ਹੈ ਤਾਂ ਠੋਡੀ ਵਾਲੀ ਤਣੀ ਜਾਂ ਸਾਈਡ ਵਾਲੀਆਂ ਤਣੀਆਂ ਕੱਸ ਕੇ ਰੱਖੋ।
- ਟੋਪ ਸਾਫ਼ ਰੱਖੋ।
- ਟੋਪ ਦੀ ਜਾਂਚ ਕਰਦੇ ਰਹੋ।
- ਇਸ ਨੂੰ ਬੰਨ੍ਹਣ ਵਾਲੀਆਂ ਪੱਟੀਆਂ ਘੱਟੋ ਘੱਟ ਹਰ 5 ਸਾਲਾਂ ਬਾਅਦ ਬਦਲਦੇ ਰਹੋ।
- ਸਾਫ਼ ਕਰਨ ਲਈ ਘੋਲਕ ਪਦਾਰਥ (solvents) ਨਾ ਵਰਤੋ।
- ਜੇ ਨਿਰਮਾਤਾ ਵੱਲੋਂ ਪ੍ਰਵਾਨਿਤ ਨਹੀਂ ਤਾਂ ਇਸ ਵਿਚ ਮੋਰੀਆਂ ਨਾ ਕਰੋ।
- ਇਸ ਨੂੰ ਪੇਂਟ ਨਾ ਕਰੋ।
- ਜੇ ਇਸ ਵਿਚ ਤੇੜ ਜਾਂ ਡੂੰਘਾ ਚਿੱਬ ਹੈ ਤਾਂ ਇਹ ਨਾ ਵਰਤੋ।
- ਇਸ ਨੂੰ ਸੁੱਟੋ ਨਾ ਜਾਂ ਹਥੌੜੇ ਦਾ ਕੰਮ ਨਾ ਲਵੋ।



*ਆਪਣੇ ਟੋਪ ਦੀ ਬਾਕਾਇਦਾ ਜਾਂਚ ਕਰੋ।*

ਪ੍ਰਾਜੈਕਟ: ______________________ ਪਤਾ: ______________________

ਮਾਲਕ: ______________________ ਸੁਪਰਵਾਈਜ਼ਰ: ______________________

ਤਾਰੀਖ: ______________ ਸਮਾਂ: ______________ ਸ਼ਿਫ਼ਟ: ______________

ਕਾਮਿਆਂ ਦੀ ਗਿਣਤੀ: ______________________ ਕਾਮਿਆਂ ਦੀ ਗਿਣਤੀ: ______________________

## ਕਾਮਿਆਂ ਵੱਲੋਂ ਸਾਹਮਣੇ ਲਿਆਂਦੇ ਗਏ ਸੁਰੱਖਿਆ ਦੇ ਹੋਰ ਮੁੱਦੇ ਅਤੇ ਸੁਝਾਅ:

______________________________________________

______________________________________________

______________________________________________

______________________________________________

______________________________________________

## ਹਾਜ਼ਰ ਹੋਣ ਵਾਲਿਆਂ ਦਾ ਰੀਕਾਰਡ:

| ਨਾਮ: (ਮਿਹਰਬਾਨੀ ਕਰਕੇ ਪ੍ਰਿੰਟ ਕਰੋ) | ਦਸਤਖ਼ਤ: | ਕੰਪਨੀ: |
|---|---|---|
| 1. | | |
| 2. | | |
| 3. | | |
| 4. | | |
| 5. | | |
| 6. | | |
| 7. | | |
| 8. | | |
| 9. | | |
| 10. | | |
| 11. | | |
| 12. | | |
| 13. | | |
| 14. | | |
| 15. | | |

ਮੈਨੇਜਰ ਵੱਲੋਂ ਟਿੱਪਣੀਆਂ: ______________________________________________

______________________________________________

ਮੈਨੇਜਰ: ______________________ ਸੁਪਰਵਾਈਜ਼ਰ: ______________________

*(ਦਸਤਖ਼ਤ)* *(ਦਸਤਖ਼ਤ)*

WORKSAFEBC

WORKING TO MAKE A DIFFERENCE

worksafebc.com



WorkSafeBC ਦੀ ਰੋਕਥਾਮ ਜਾਣਕਾਰੀ ਲਾਈਨ: 604 276-3100 ਜਾਂ ਟੋਲ-ਫ੍ਰੀ 1 888 621-SAFE (7233)